17/4-2013

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
3. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:), ਪੰਜਾਬ ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ, ਚੰਡੀਗੜ੍ਹ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।

ਮੀਮੋ ਨੰ: 759/2013-2ਸਿੱ6/ 84218/1
ਮਿਤੀ: ਚੰਡੀਗੜ੍ਹ: 13-8-13

ਵਿਸ਼ਾ:- **ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰਹਾਜਰ ਅਧਿਕਾਰੀਆਂ/ਕਰਮਚਾਰੀਆਂ ਨੂੰ ਸੇਵਾ ਤੋਂ ਡਿਸਮਿਸਲ/ਰਿਮੂਵਲ ਕਰਨ ਸਬੰਧੀ ਫੈਸਲੇ ਬਾਰੇ।**

*********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-2 ਸ਼ਾਖਾ) ਵੱਲੋਂ ਪ੍ਰਾਪਤ ਪੱਤਰ ਨੰ: 12/83/2012-2ਪੀ.ਪੀ.2/78968/1 ਮਿਤੀ 26.7.2013 ਦੀ ਕਾਪੀ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ। ਇਸ ਸਬੰਧੀ ਸੂਚਨਾ ਤੁਰੰਤ ਮੁੜਦੀ ਡਾਕ ਰਾਹੀਂ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

3. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

O/o DGSE Cum SPD Sarva Shiksha Central Dak No. 7116 14/8/13

ਸੁਪਰਡੰਟ

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ
ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।
ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜ਼ਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)
ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370
ਈ-ਮੇਲ:ddssa777@gmail.com Website: ssapunjab.org

**ਇੰਨਫੋਰਸਮੈਂਟ ਸੈੱਲ**

ਪਿੱਠ ਅੰਕਣ ਨੰ:17/4-2012 ਇੰਨਫੋਰਸਮੈਂਟ(1)/013946-47 ਮਿਤੀ:ਮੋਹਾਲੀ:26/8/13

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

(1) ਰਾਜ ਦੇ ਸਮੂਹ ਮੰਡਲ/ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ) ਅਤੇ (ਐ:ਸਿ:) ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਕਰਨੀ ਯਕੀਨੀ ਬਣਾਈ ਜਾਵੇ।

(2) ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,ਸਿਖਿਆ ਵਿਭਾਗ(ਸਿ:6 ਸ਼ਾਖਾ) ਚੰਡੀਗੜ੍ਹ ਜੀ ਨੂੰ ਉਹਨਾਂ ਦੇ ਮੀਮੋ ਨੰਬਰ: 759/2013-2ਸਿ6/84218 ਮਿਤੀ 13.8.13 ਦੇ ਹਵਾਲੇ ਵਿੱਚ।

26/8/13

ਡਿਪਟੀ ਡਾਇਰੈਕਟਰ(ਇੰਨਫੋਰਸਮੈਂਟ)

17/4-2012

(3)

ਨੰ: 12/83/2012-2ਪੀਪੀ2/78968/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-2 ਸਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸਨਰਾਂ,
ਡਿਪਟੀ ਕਮਿਸਨਰਾਂ,
ਸਬ-ਡਵੀਜਨਲ ਮੈਜਿਸਟ੍ਰੇਟਾਂ ਅਤੇ
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।

ਦਫਤਰ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਪੰਜਾਬ
ਫਾਈਲ ਨੰ. 5681
ਪ੍ਰਾਪਤੀ ਦੀ ਮਿਤੀ
ਭੇਜਣ ਦੀ ਮਿਤੀ 1-8-13

PSSE

SSSE (S)

ਮਿਤੀ,ਚੰਡੀਗੜ੍ਹ: 26/7/13

ਵਿਸ:- ਅਣ-ਅਧਿਕਾਰਤ ਤੌਰ ਤੇ ਡਿਊਟੀ ਤੋ ਗੈਰ ਹਾਜਰ ਅਧਿਕਾਰੀਆਂ/ਕਰਮਚਾਰੀਆਂ ਨੂੰ ਸੇਵਾ ਤੋਂ ਡਿਸਮਿਸਲ/ਰਿਮੂਵਲ ਕਰਨ ਸਬੰਧੀ ਫੈਸਲੇ ਬਾਰੇ।

*****

ਮੈਨੂੰ ਉਪਰੋਕਤ ਵਿਸੇ ਦੇ ਸਬੰਧ ਵਿੱਚ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਅਣ-ਅਧਿਕਾਰਤ ਤੌਰ ਤੇ ਡਿਊਟੀ ਤੋ ਗੈਰ ਹਾਜਰ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਅਨੁਸਾਸਨੀ ਕਾਰਵਾਈ ਕਰਨ ਸਬੰਧੀ ਹੁੰਦੀ ਬੇਲੋੜੀ ਦੇਰੀ ਨੂੰ ਰੋਕਣ, ਅਜਿਹੇ ਕੇਸਾਂ ਨੂੰ ਸਮੇਂ ਸਿਰ ਫੈਸਲਾ ਲੈਣ ਲਈ ਅਤੇ ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਦੀ ਡਿਸਮਿਸਲ /ਰਿਮੂਵਲ ਜਾਂ ਅਹੁਦੇ ਵਿੱਚ ਘਾਟ ਸਬੰਧੀ ਸਜਾਵਾਂ ਦੇਣ ਬਾਰੇ ਗਸਤੀ ਪੱਤਰ ਨੰ: 12/83/2012-2ਪੀਪੀ2/1438-39 ਮਿਤੀ 12.10.2012 ਰਾਹੀਂ ਜਾਰੀ ਪ੍ਰੋਫਾਰਮੇ-1 ਅਤੇ 2 ਵਿੱਚ ਆਪਣੀ ਤਿਮਾਹੀ ਰਿਪੋਰਟ ਸਬਮਿਟ ਕਰਨ ਸਬੰਧੀ ਹਦਾਇਤਾਂ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਹਦਾਇਤਾਂ ਨੂੰ ਜਾਰੀ ਕਰਦੇ ਹੋਏ ਕਿਹਾ ਗਿਆ ਸੀ ਕਿ ਵਿਭਾਗਾਂ ਦੇ ਮੁਖੀ ਆਪਣੇ ਵਿਭਾਗ ਦੇ ਪ੍ਰਬੰਧਕੀ ਸਕੱਤਰ ਨੂੰ ਹਰ ਮਹੀਨੇ ਦੀ 30 ਤਰੀਕ ਤੱਕ ਆਪਣੀ ਤਿਮਾਹੀ ਰਿਪੋਰਟ ਭੇਜਣਗੇ ਅਤੇ ਇਸ ਉਪਰੰਤ ਵਿੱਤੀ ਕਮਿਸਨਰ/ਪ੍ਰਬੰਧਕੀ ਸਕੱਤਰ ਆਪਣੇ ਵਿਭਾਗਾਂ ਨਾਲ ਸਬੰਧਤ ਸੰਕਲਿਤ ਤਿਮਾਹੀ ਰਿਪੋਰਟ ਮੁੱਖ ਸਕੱਤਰ ਪੰਜਾਬ ਸਰਕਾਰ (ਪੀ.ਪੀ.2 ਸਾਖਾ) ਨੂੰ ਭੇਜਣਗੇ।

2. ਪਰੰਤੂ ਵਿਸੇ ਸਬੰਧੀ ਜੋ ਰਿਪੋਰਟਾਂ ਇਸ ਵਿਭਾਗ ਨੂੰ ਹੇਠਲੇ ਵਿਭਾਗਾਂ/ਦਫਤਰਾਂ ਤੋਂ ਸਿੱਧੇ ਤੌਰ ਤੇ ਪ੍ਰਾਪਤ ਹੋਈਆਂ ਹਨ ਜਾਂ ਹੋ ਰਹੀਆਂ ਹਨ। ਉਹ ਨਾ ਤਾਂ ਸੰਕਲਿਤ ਰੂਪ ਵਿੱਚ ਹਨ ਅਤੇ ਨਾ ਹੀ ਜਾਰੀ ਪ੍ਰੋਫਾਰਮੇ ਅਨੁਸਾਰ ਪੇਸ਼ ਕੀਤੀਆਂ ਜਾ ਰਹੀਆਂ ਹਨ। ਕੇਵਲ ਦਫਤਰਾਂ ਅਤੇ ਵਿਭਾਗਾਂ ਵਲੋਂ ਭੇਜੀ ਜਾ ਰਹੀਂ ਰਿਪੋਰਟ ਵਿੱਚ ਇਹ ਹੀ ਲਿਖਿਆ ਜਾ ਰਿਹਾ ਹੈ ਕਿ "ਵਿਸੇ ਸਬੰਧੀ ਇਸ ਵਿਭਾਗ/ਦਫਤਰ ਦੀ ਸੂਚਨਾਂ ਨਿੱਲ ਸਮਝਿਆ ਜਾਵੇ"। ਜਿਸ ਨਾਲ ਅਜਿਹੀ ਸੂਚਨਾ ਨੂੰ ਮਾਨਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਲਈ ਪੇਸ ਕਰਨਾ ਉਚਿਤ ਨਹੀਂ ਜਾਪਦਾ। ਇਸ ਲਈ ਗਸਤੀ ਪੱਤਰ ਨੰ: 12/83/2012-2ਪੀਪੀ2/1438-39 ਮਿਤੀ 12.10.2012 ਰਾਹੀਂ ਮੰਗੀ ਗਈ ਸੂਚਨਾ ਨੂੰ ਆਪਣੇ ਪ੍ਰਬੰਧਕੀ ਵਿਭਾਗ ਨੂੰ ਤੁਰੰਤ ਭੇਜੀ ਜਾਵੇ। ਤਾਂ ਜੋ ਪ੍ਰਬੰਧਕੀ ਵਿਭਾਗਾਂ ਵਲੋਂ ਇਸ ਸੂਚਨਾਂ ਨੂੰ ਸੰਕਲਿਤ ਕਰਦੇ ਹੋਏ ਇਸ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਇਸ ਵਿਭਾਗ ਨੂੰ ਭੇਜਿਆ ਜਾ ਸਕੇ। ਕਿਉਂਜੋ ਇਸ ਸੂਚਨਾ ਨੂੰ ਮਾਨਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ ਪੇਸ ਕੀਤੀ ਜਾਣਾ ਹੈ।

ਵਿਸ਼ਵਾਸਪਾਤਰ,

(ਐਸ.ਪੀ.ਗੁਪਤਾ)
ਅਧੀਨ ਸਕੱਤਰ ਪ੍ਰਸੋਨਲ

759
05-8-13

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਆਪਣੀ ਸੰਕਲਿਤ ਰਿਪੋਰਟ ਇਸ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਇਸ ਵਿਭਾਗ ਨੂੰ ਭੇਜੀ ਜਾਵੇ। ਤਾਂ ਜੋ ਮੁਕੰਮਲ ਸੂਚਨਾ ਨੂੰ ਮਾਨਯੋਗ ਮੁੱਖ ਸਕੱਤਰ ਜੀ ਨੂੰ ਉਹਨਾਂ ਦੀ ਜਾਣਕਾਰੀ ਹਿੱਤ ਪੇਸ਼ ਕੀਤੀ ਜਾ ਸਕੇ।

ਅਧੀਨ ਸਕੱਤਰ, ਪਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪ.ਨੰ: ਨੰ: 12/83/2012-2ਪੀਪੀ2/78968/2 ਮਿਤੀ, ਚੰਡੀਗੜ੍ਹ: 26/7/13